# ਪਾਠ-2

# ਐਮ.ਐਸ.ਐਕਸਲ ਭਾਗ:2

## ਖਾਲੀ ਥਾਵਾ ਭਰੋ।

1. **ਚਾਰਟ ਏਰੀਆ** ਦੇ ਅੰਦਰ ਚਾਰਟ ਵਿੰਡੋ ਦਾ ਸਭ ਕੁਝ ਸ਼ਾਮਿਲ ਹੁੰਦਾ ਹੈ।
2. **ਡਾਟਾ ਵੇਲੀਡੇਸ਼ਨ** ਵਿਸ਼ੇਸ਼ਤਾ ਤੁਹਾਨੂੰ ਕੁੱਝ ਖਾਸ ਨਿਯਮ ਬਣਾਉਣ ਦੀ ਆਗਿਆ ਦਿੰਦੀ ਹੈ।
3. ਤੁਸੀ ਵਰਕਸ਼ੀਟ ਦੀ ਵਿੰਡੋਂ ਨੂੰ **ਸਪਲਿੱਟ** ਕਰਕੇ ਦੋ ਵੱਖੋ ਵੱਖਰੇ ਪੇਨਾਂ ਵਿੱਚ ਵੰਡ ਸਕਦੇ ਹੋ।
4. **ਫਰੀਜ ਪੇਨਜ** ਦੀ ਮਦਦ ਨਾਲ ਤੁਸੀ ਸਕਰੋਲ ਕਰਦੇ ਹੋਏ ਰੋਅਜ ਅਤੇ ਕਾਲਮਜ ਨੂੰ ਵੇਖ ਸਕਦੇ ਹੋ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਐਕਸਲ ਵਿੱਚ ਚਾਰਟ ਦੀਆਂ ਕਿਸਮਾਂ ਦੱਸੋ?**

**ਉੱਤਰ**: ਚਾਰਟ ਦੀਆਂ ਕਿਸਮਾਂ:

1.ਪਾਈ ਚਾਰਟ 2. ਲਾਈਨ ਚਾਰਟ 3. .ਕਾਲਮ ਚਾਰਟ 4. ਬਾਰ ਚਾਰਟ 5. .ਏਰੀਆ ਚਾਰਟ

**ਪ੍ਰਸ਼ਨ 2: ਚਾਰਟ ਦੇ ਕੋਈ ਪੰਜ ਐਲੀਮੈਂਟਸ ਦੇ ਨਾਂ ਲਿਖੋ?**

**ਉੱਤਰ** : 1. ਚਾਰਟ ਏਰੀਆ 2. ਐਕਸਿਸ 3. ਗਰਿੱਡ ਲਾਈਨਜ

, 4 ਡਾਟਾ ਸੀਰੀਜ 5. ਪਲੋਟ ਏਰੀਆ 6. ਲਿਜੈਂਡ

## ਵੱਡੇ ਉਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1: ਚਾਰਟ ਕੀ ਹੁੰਦਾ ਹੈ?ਐਕਸਲ ਵਿੱਚ ਚਾਰਟ ਬਨਾਉਣ ਦੇ ਪੜਾਅ ਲਿਖੋ?**

**ਉੱਤਰ**: ਐਕਸਲ ਵਿੱਚ ਚਾਰਟ ਇੱਕ ਅਜਿਹਾ ਟੂਲ ਹੈ ਜਿਸ ਨਾਲ ਡਾਟਾ ਨੂੰ ਗ੍ਰਾਫਿਕਲ ਰੂਪ ਵਿੱਚ ਵਿਖਾਇਆ ਜਾ ਸਕਦਾ ਹੈ ਐਕਸਲ ਵਿੱਚ ਅਸੀ ਕਈ ਤਰ੍ਹਾਂ ਦੇ ਚਾਰਟ ਬਣਾ ਸਕਦੇ ਹਾਂ।

**ਚਾਰਟ ਬਣਾਉਣ ਦੇ ਪੜਾਅ ਹੇਠ ਲਿਖੇ ਹਨ।**


1. ਉਹਨਾਂ ਸੈੱਲਾਂ ਦੀ ਰੇਂਜ ਸਿਲੈਕਟ ਕਰੋ ਜਿਨ੍ਹਾਂ ਲਈ ਚਾਰਟ ਤਿਆਰ ਕਰਨਾ ਹੈ।
2. Insert ਟੈਬ ਤੇ ਕਲਿਕ ਕਰੋ।
3. .Chart ਗਰੁੱਪ ਵਿੱਚੋਂ ਢੁੱਕਵੀ ਚਾਰਟ ਦੀ ਕਿਸਮ ਤੇ ਕਲਿਕ ਕਰੋ।
4. ਇਸ ਤਰ੍ਹਾਂ ਐਕਸਲ ਦੀ ਸ਼ੀਟ ਦਾ ਇੱਕ ਨਵਾਂ ਚਾਰਟ ਤਿਆਰ ਹੋ ਜਾਵੇਗਾ।

MS-EXCEL




ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)








**ਪ੍ਰਸ਼ਨ 2. Convert text to columns ਕੀ ਹੁੰਦਾ ਹੈ? convert text to columns ਦੇ ਪੜਾਅ ਲਿਖੋ?**

**ਉੱਤਰ**: ਐਕਸਲ ਵਿੱਚ ਇੱਕ ਸੈੱਲ ਵਿੱਚ ਲਿਖੇ ਡਾਟੇ ਨੂੰ ਵੱਖਰੇ ਕਾਲਮ ਵਿੱਚ ਲਿਖਣ ਲਈ convert text to columns ਦੀ ਵਰਤੋਂ ਕੀਤੀ ਜਾਂਦੀ ਹੈ ਉਦਾਹਰਨ ਲਈ ਇਸਦੀਮਦਦ ਨਾਲ ਅਸੀਂ ਪੂਰੇ ਨਾਮਾਂ ਦੀ ਲਿਖੀ ਹੋਈ ਇੱਕ ਲਿਸਟ ਵਿੱਚੋਂ ਆਂਖਰੀ ਅਤੇ ਪਹਿਲੇ ਨਾਮ ਨੂੰ ਵੱਖ ਕਰ ਸਕਦੇ ਹਾਂ ਇਹ ਐਕਸਲ ਦੇ ਡਾਟਾ ਟੈਬ ਵਿੱਚ ਮੌਜੂਦ ਹੰਦਾ ਹੈ।




ਨਤੀਜਾ




**convert to text ਦੇ ਪੜਾਅ ਹੇਠ ਲਿਖੇ ਹਨ।**

1. ਸੈਲਾਂ ਦੀ ਰੇਂਜ ਸਿਲੈਕਟ ਕਰੋ।
2. ਡਾਟਾ ਟੈਬ ਉੱਤੇ ਕਲਿਕ ਕਰੋ।
3. convert text to columns ਆਪਸ਼ਨ ਤੇ ਕਲਿਕ ਕਰੋ।
4. ਡੈਲੀਮੀਟਰ ਉੱਪਰ ਕਲਿਕ ਕਰੋ ਅਤੇ ਫਿਰ next ਬਟਨ ਤੇ ਕਲਿਕ ਕਰੋ।

5. ਉਸ ਡੈਲੀਮੀਟਰ ਨੂੰ ਚੁਣੋ ਜਿਸ ਅਨੁਸਾਰ ਟੈਕਸਟ ਨੂੰ ਕਾਲਮਾਂ ਵਿੱਚ ਤਬਦੀਲ ਕਰਨਾ ਹੈ ਅਤੇ ਫਿਰ next ਬਟਨ ਤੇ ਕਲਿਕ ਕਰੋ
6. ਜਰੂਰਤ ਅਨੁਸਾਰ ਆਪਸ਼ਨ ਚੁਣੋ ਅਤੇ finish ਤੇ ਕਲਿਕ ਕਰੋ;

## ਪ੍ਰਸ਼ਨ 3. Data Validation ਕੀ ਹੈ? Data Validation ਨਿਯਮ ਕਿਵੇਂ ਬਣਾਇਆ ਜਾਂਦਾ ਹੈ?


**ਉੱਤਰ**: ਐਕਸਲ ਵਿੱਚ ਡਾਟਾ ਵੇਲੀਡੇਸ਼ਨਇੱਕ ਅਜਿਹੀ ਵਿਸ਼ੇਸ਼ਤਾ ਹੈ ਜਿਸ ਦੀ ਵਰਤੋਂ ਕਿਸੇ ਖਾਸ ਨਿਯਮ ਨੂੰ ਸੈਟ ਅੱਪ ਕਰਨ ਲਈ ਕੀਤੀ ਜਾਂਦੀ ਹੈ।ਜੋ ਇਹ ਪਰਿਭਾਸ਼ਿਤ ਕਰਦੇ ਹਨ ਕਿ ਸੈਲ ਵਿੱਚ ਕੀ ਦਾਖਲ ਕਰਨ ਹੈ।


ਉਦਾਹਰਨ: ਅਸੀ ਕਿਸੇ ਖਾਸ ਸੈੱਲ ਵਿੱਚ 0 ਅਤੇ 10 ਦੇ ਵਿਚਕਾਰ ਦੇ ਨੰਬਰਾਂ ਦੀ ਐਂਟਰੀ ਦੀ ਲਿਮਟ ਸੈੱਟ ਕਰਨਾ ਚਾਹੰਦੇ ਹਾਂ। ਜੇਕਰ ਯੂਜਰ ਕੋਈ ਗਲਤ ਐਂਟਰੀ ਪਾਉਂਦਾ ਹੈ ਤਾਂ ਉਸ ਨੂੰ ਗਲਤੀ ਵਾਲਾ ਸੰਦੇਸ਼ ਪ੍ਰਾਪਤ ਹੁੰਦਾ ਹੈ।ਇਸ ਉਦਾਹਰਨ ਵਿੱਚ ਅਸੀ ਯੂਜਰ ਨੂੰ 0 ਤੋਂ 10 ਤੱਕ ਨੰਬਰ ਐਂਟਰ ਕਰਨ ਦੀ ਆਗਿਆ ਦਿੰਦੇ ਹਾਂ।

| | A | B | C |
|---|---|---|---|
| 1 | | Customer Feedback | Rating( 1 to 10) |
| 2 | 1 | How would you rate us for our service | |
| 3 | 2 | How would you rate us for your complaint rectification | |
| 4 | 3 | What would your give us regarding our Phone service | |
| 5 | 4 | Behaviour | |
| 6 | | | |

### ਡਾਟਾ ਵੇਲੀਡੇਸ਼ਨ ਰੂਲ ਸੈੱਟ ਕਰਨ ਦੇ ਸਟੈਪ:

1. ਸੈੱਲਾਂ ਨੂੰ ਸਿਲੈਕਟ ਕਰੋ ਜਿਨ੍ਹਾਂ ਤੁੱਤੇ ਡਾਟਾ ਵੇਲੀਡੇਸ਼ਨ ਨਿਯਮ ਲਾਗੂ ਕਰਨੇ ਹਨ
2. Data Tab ਵਿੱਚ Data Validation ਤੇ ਕਲਿਕ ਕਰੋ।
3. ਡਾਟਾ ਵੇਲੀਡੇਸ਼ਨ ਦੇ settings ਟੈਬ ਵਿੱਚ validation criteria ਵਿੱਚ ਜਰੂਰਤ ਅਨੁਸਾਰ ਨਿਯਮ ਲਾਗੂ ਕਰੋ।
4. ਨਿਯਮ ਲਾਗੂ ਕਰਨ ਤੋਂ ਬਾਅਦ ok button ਤੇਂ ਕਲਿਕ ਕਰੋ।






ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)


## ਪ੍ਰਸ਼ਨ 4. Protection ਕੀ ਹੁੰਦੀ ਹੈ? ਕਿਸੇ ਵਰਕਸ਼ੀਟ ਨੂੰ ਪ੍ਰੋਟੈਕਟ ਜਰਨ ਦੇ ਪੜਾਅ ਲਿਖੋ?

**ਉੱਤਰ**: ਪ੍ਰੋਟੈਕਸ਼ਨ ਤੋਂ ਭਾਵ ਹੈ ਆਪਣੇ ਡਾਟਾ ਨੂੰ ਕਿਸੀ ਅਣ-ਅਧਿਕਾਰਿਤ ਵਿਅਕਤੀ ਵੱਲੋਂ ਗਲਤ ਵਰਤੋਂ ਕਰਨ ਤੋਂ ਬਚਾਉਣਾ।ਐਕਸਲ ਵਿੱਚ ਅਸੀ ਆਪਣੀ ਵਰਕਬੁੱਕ/ਵਰਕਸ਼ੀਟ ਨੂੰ ਕਿਸੀ ਅਣ-ਅਧਿਕਾਰਿਤ ਵਿਅਕਤੀ ਵੱਲੋਂ ਗਲਤ ਵਰਤੋਂ ਕਰਨ ਤੋਂ ਪ੍ਰੋਟੈਕਟ ਕਰ ਸਕਦੇ ਹਾਂ।

ਵਰਕਸ਼ੀਟ ਨੂੰ ਪ੍ਰੋਟੈਕਟ ਕਰਨ ਦੇ ਪੜਾਅ:

1. Review Tab ਤੇ ਕਲਿਕ ਕਰੋ।
2. Protect Sheet ਤੇ ਕਲਿਕ ਕਰੋ।
3. ਪਾਸਵਰਡ ਦਾਖਲ ਕਰੋ।
4. ok button ਤੇ ਕਲਿਕ ਕਰੋ।




## ਪ੍ਰਸ਼ਨ 5. Split worksheet ਕੀ ਹੁੰਦੀ ਹੈ? ਕਿਸੇ ਵਰਕਸ਼ੀਟ ਨੂੰ ਸਪਲਿਟ ਕਰਨ ਦੇ ਪੜਾਅ ਲਿਖੋ?

**ਉੱਤਰ**: ਸਪਲਿਟ ਤੋਂ ਭਾਵ ਹੈ ਕਿ ਜੇਕਰ ਕਿਸੀ ਵਰਕਸ਼ੀਟ ਵਿੱਚ ਡਾਟਾ ਵੱਡਾ ਹੋਵੇ ਤਾਂ ਕੰਮ ਨੂੰ ਸਹੀ ਢੰਗ ਨਾਲ ਕਰਨ ਲਈ ਉਸ ਨੂੰ ਵੱਖਰੇ ਭਾਗਾ ਵਿੱਚ ਵੰਡਣਾ।ਐਕਸਲ ਵਿੱਚ ਅਸੀਂ ਆਪਣੀ ਵਰਕਸ਼ੀਟ ਵਿੱਚ ਦਾਖਲ ਡਾਟਾ ਨੂੰ ਜਰੂਰਤ ਅਨੁਸਾਰ ਸਪਲਿਟ ਕਰ ਸਕਦੇ ਹਾਂ। split ਆਪਸ਼ਨ view tab ਵਿੱਚ ਮੌਜੂਦ ਹੰਦੀ ਹੈ।

ਵਰਕਸ਼ੀਟ ਨੂੰ ਸਪਲਿਟ ਕਰਨ ਦੇ ਪੜਾਅ

1. ਉਸ ਸੈਲ ਤੇ ਕਲਿਕ ਕਰੋ ਜਿਥੋਂ ਤੁਸੀ ਵਰਕਸ਼ੀਟ ਨੂੰ ਵੱਖ ਵੱਖ ਪੇਨਜ ਵਿੱਚ ਵੰਡਣਾ ਚਾਹੰਦੇ ਹੋ।
2. view tab ਤੇ ਕਲਿਕ ਕਰੋ।
3. window ਗਰੁੱਪ ਵਿੱਚ split ਬਟਨ ਤੇ ਕਲਿਕ ਕਰੋ।
4. ਇਸ ਤਰ੍ਹਾ ਵਰਕਸ਼ੀਟ ਸਿਲੈਕਟ ਕੀਤੇ ਸੈਲ ਅਨੁਸਾਰ ਵੱਖ ਵੱਖ ਭਾਗਾ ਵਿੱਚ ਵੰਡੀ ਜਾਵੇਗੀ।

ਜਾਂ





ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੌਆਰਡੀਨੇਟਰ(ਕੰਪਿਊਟਰ)

1.ਵਰਕਸ਼ੀਟ ਨੂੰ ਸਪਲਿਟ ਕਰਨ ਲਈ ਵਰਟੀਕਲ ਸਕਰੋਲਬਾਰ ਦੇ ਉੱਪਰਲੇ ਪਾਸੇ ਨਜਰ ਆਉਂਦੇ ਸਪਲਿਟ ਬਾਕਸ ਤੇ ਕਲਿਕ ਕਰੋ।

2. ਵਿੰਡੋ ਨੂੰ ਸਪਲਿਟ ਕਰਨ ਲਈ ਇਸ ਨੂੰ ਹੇਠਾਂ ਵੱਲ ਨੂੰ ਡਰੈਗ ਕਰੋ।

3. ਅਸੀ ਆਪਣੀ ਲੋੜ ਅਨੁਸਾਰ ਸਪਲਿਟ ਨੂੰ ਉੱਪਰ ਜਾਂ ਹੇਠਾਂ ਕਰ ਸਕਦੇ ਹਾਂ।





| Class | Section | English | Punjabi | Hindi | Maths | Science | Social Studies | Computer | Phy.Edu |
|---|---|---|---|---|---|---|---|---|---|
| 7th | A | 85 | 87 | 85 | 87 | 85 | 87 | 85 | 87 |
| 7th | A | 82 | 86 | 82 | 86 | 82 | 86 | 82 | 86 |
| 7th | A | 87 | 89 | 87 | 89 | 87 | 89 | 87 | 89 |
| 7th | A | 88 | 84 | 88 | 84 | 88 | 84 | 88 | 84 |
| 7th | A | 89 | 85 | 89 | 85 | 89 | 85 | 89 | 85 |
| 7th | A | 92 | 96 | 92 | 96 | 92 | 96 | 92 | 96 |
| 7th | A | 95 | 92 | 95 | 92 | 95 | 92 | 95 | 92 |
| 7th | A | 94 | 94 | 94 | 94 | 94 | 94 | 94 | 94 |

MS-EXCEL